# 16th Round of India-Israel Foreign Office Consultations

December 07, 2020

---

## ਭਾਰਤ-ਇਜ਼ਰਾਈਲ ਦੇ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰੇ ਦਾ 16ਵਾਂ ਗੇੜ

7 ਦਸੰਬਰ, 2020

1. ਭਾਰਤ-ਇਜ਼ਰਾਈਲ ਦੇ ਵਿਦੇਸ਼ ਦਫਤਰਾਂ ਦਰਮਿਆਨ ਮਸ਼ਵਰੇ ਦਾ 16ਵਾਂ ਗੇੜ ਵੀਡੀਓ ਕਾਨਫਰੈਂਸ ਰਾਹੀਂ 7 ਦਸੰਬਰ, 2020 ਨੂੰ ਹੋਇਆ, ਜਿਸ ਦੀ ਅਗਵਾਈ ਸਕੱਤਰ (CPV ਅਤੇ OIA) ਸ਼੍ਰੀ ਸੰਜੇ ਭੱਟਾਚਾਰੀਆ ਅਤੇ ਇਜ਼ਰਾਈਲੀ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ ਸ਼੍ਰੀ ਐਲਨ ਯੂਸ਼ਪੀਜ਼ ਨੇ ਕੀਤੀ।

2. ਦੋਵਾਂ ਧਿਰਾਂ ਨੇ ਮੌਜੂਦਾ ਸਹਿਯੋਗ ਦੇ ਵੱਖ ਵੱਖ ਖੇਤਰਾਂ, ਖ਼ਾਸਕਰ ਰਣਨੀਤਕ ਖੇਤਰਾਂ ਜਿਵੇਂ ਰੱਖਿਆ ਅਤੇ ਸੁਰੱਖਿਆ, ਅੱਤਵਾਦ-ਰੋਧ, ਸਾਈਬਰ ਸੁਰੱਖਿਆ, ਆਦਿ ਤੋਂ ਛੁੱਟ ਪਾਣੀ, ਅਤੇ ਖੇਤੀਬਾੜੀ, ਵਿਗਿਆਨ ਅਤੇ ਟੈਕਨੋਲੋਜੀ. ਨਵਾਚਰ ਅਤੇ ਸਟਾਰਟ-ਅਪ, ਊਰਜਾ, ਅਕਾਦਮਿਕ ਸਹਿਯੋਗ, ਵਪਾਰ ਅਤੇ ਆਪਸੀ ਨਿਵੇਸ਼ ਨੂੰ ਅੱਗੇ ਵਧਾਉਣ ਵਿੱਚ ਹੋਈ ਤਰੱਕੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ।

3. ਸਾਂਝੇ ਤੌਰ ਤੇ ਵਿਕਸਤ ਕੀਤੇ ਗਏ ਖੇਤੀਬਾੜੀ ਉੱਤਮਤਾ ਕੇਂਦਰਾਂ, ਬੁੰਦੇਲਖੰਡ ਖੇਤਰ ਵਿੱਚ ਪਾਣੀ ਦੀ ਸੰਭਾਲ ਬਾਰੇ ਪਾਇਲਟ ਪ੍ਰਾਜੈਕਟ ਅਤੇ ਅਹਿਮਦਾਬਾਦ ਦੇ ਅੰਤਰਰਾਸ਼ਟਰੀ ਉੱਦਮਤਾ ਅਤੇ ਟੈਕਨੋਲੋਜੀ ਕੇਂਦਰ (iCreate) ਅਤੇ ਸਾਂਝੇ ਤੌਰ 'ਤੇ ਵਿਸ਼ੇਸ਼ ਟੈਕਨੋਲੋਜੀ ਵਿਕਸਤ ਕਰਨ ਲਈ ਇਨਕਿਊਬੇਸ਼ਨ ਰਾਹੀਂ ਦਿੱਤੀ ਗਈ ਮਦਦ ਲਈ ਇਜ਼ਰਾਈਲੀ ਸਟਾਰਟ-ਅਪ ਨੇਸ਼ਨਜ਼ ਸੈਂਟਰਲ (SNC) ਦਰਮਿਆਨ ਨੇੜਲੇ ਸਹਿਯੋਗ ਦੀ ਕਾਮਯਾਬੀ ਦੀ ਉਚੇਚੇ ਤੌਰ 'ਤੇ ਸ਼ਲਾਘਾ ਹੋਈ।

4. ਦੋਵਾਂ ਧਿਰਾਂ ਨੇ ਸਾਂਝੇ ਅਕਾਦਮਿਕ ਅਤੇ ਵਿਗਿਆਨਕ ਖੋਜ ਕਾਰਜਾਂ ਨੂੰ ਸੁਖਾਲਾ ਬਣਾਉਣ ਵਿੱਚ ਭਾਰਤ-ਇਜ਼ਰਾਈਲ ਉਦਯੋਗਿਕ R & D ਅਤੇ ਟੈਕਨੋਲੋਜੀਕਲ ਇਨੋਵੇਸ਼ਨ ਫੰਡ (I4FP) ਅਤੇ ਯੂਨੀਵਰਸਿਟੀ ਗ੍ਰਾਂਟਸ ਕਮੀਸ਼ਨ (UGC) -ਇਸਰਾਇਲ ਸਾਇੰਸ ਫਾਊਂਡੇਸ਼ਨ (ISFP) ਫੰਡ ਦੀ ਮਦਦਗਾਰ ਭੂਮਿਕਾ ਦੀ ਗੱਲ ਕੀਤੀ।

5. COVID -19 ਮਹਾਂਮਾਰੀ ਦੇ ਅਸਰ ਨੂੰ ਘਟਾਉਣ ਅਤੇ ਮੈਡੀਕਲ ਅਤੇ ਟੈਸਟਿੰਗ ਉਪਕਰਣਾਂ ਦੀ ਖੋਜ ਲਈ ਚੱਲ ਰਹੇ ਸਹਿਯੋਗ ਦੇ ਮਾਮਲੇ 'ਚ ਆਪੋ ਆਪਣੇ ਕੌਮੀ ਨਜ਼ਰੀਏ ਬਾਰੇ ਵਿਚਾਰ-ਵਟਾਂਦਰਾ ਹੋਇਆ।

6. ਦੋਵਾਂ ਧਿਰਾਂ ਦਰਮਿਆਨ ਆਪਸੀ ਹਿਤ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਡੂੰਘੇ ਵਿਚਾਰ ਵਟਾਂਦਰੇ ਹੋਏ।

7. ਉਨ੍ਹਾਂ ਨੇ ਬਾਕਾਇਦਾ ਮੁਲਾਕਾਤਾਂ ਅਤੇ ਸਲਾਹ-ਮਸ਼ਵਰੇ ਰਾਹੀਂ ਸਬੰਧਾਂ ਵਿੱਚ ਅਗਾਂਹਵਧੂ ਰੁਝਾਨ ਨੂੰ ਕਾਇਮ ਰੱਖਣ ਦੀ ਮਹੱਤਤਾ 'ਤੇ ਸਹਿਮਤੀ ਪ੍ਰਗਟਾਈ ਅਤੇ ਆਪਸੀ ਸਹੂਲਤ ਅਨੁਸਾਰ ਵਿਦੇਸ਼ੀ ਦਫਤਰਾਂ ਵਿਚਾਲੇ ਸਲਾਹ ਮਸ਼ਵਰੇ ਦਾ ਅਗਲਾ ਗੇੜ ਕਰਵਾਉਣ ਉੱਤੇ ਸਹਿਮਤੀ ਪ੍ਰਗਟ ਕੀਤੀ।

ਨਵੀਂ ਦਿਲੀ
7 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.